# ਪ੍ਰੈਸ ਨੋਟ

ਸ਼੍ਰੀ ਦੀਪਕ ਹਿਲੋਰੀ IPS/ਐਸ.ਐਸ.ਪੀ. ਲੁਧਿਆਣਾ (ਦਿਹਾਤੀ) ਜੀ ਦੇ ਹੁਕਮਾ ਨਾਲ ਸਮਾਜ ਵਿਰੋਧੀ ਅਨਸਰਾਂ ਅਤੇ ਨਸ਼ੀਲੇ ਪਦਾਰਥਾ ਦੀ ਸਮੱਗਲਿੰਗ ਕਰਨ ਵਾਲੇ ਵਿਅਕਤੀਆਂ ਵਿਰੁੱਧ ਸਖਤ ਕਾਰਵਾਈ ਹਿੱਤ ਚਲਾਈ ਮੁਹਿੰਮ ਨੂੰ ਉਦੋਂ ਸਫਲਤਾ ਮਿਲੀ, ਜਦੋਂ ਸ਼੍ਰੀ ਗੁਰਦੀਪ ਸਿੰਘ PPS ਐਸ.ਪੀ.(ਡੀ) ਜਗਰਾਂਉ ਜੀ ਦੀਆਂ ਹਦਾਇਤਾਂ ਅਨੁਸਾਰ ਸ਼੍ਰੀ ਅਨਿਲ ਕੁਮਾਰ ਭਨੋਟ PPS ਡੀ.ਐਸ.ਪੀ.(ਡੀ) ਜਗਰਾਂਉ ਦੀ ਨਿਗਰਾਨੀ ਹੇਠ ਇੰਸਪੈਕਟਰ ਦਲਬੀਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਜਗਰਾਉਂ ਜਿਲਾ ਲੁਧਿਆਣਾ (ਦਿਹਾਤੀ) ਦੀ ਪੁਲੀਸ ਪਾਰਟੀ ਦੇ ਏ.ਐਸ.ਆਈ. ਬਲਵਿੰਦਰ ਸਿੰਘ ਪਾਸ ਮੁਖਬਰੀ ਹੋਈ ਕਿ ਪੰਕਜ ਪੁੱਤਰ ਪਰਦੀਪ ਕੁਮਾਰ ਵਾਸੀ ਸਿਵਲ ਲਾਈਨ ਮੋਗਾ ਚਿੱਟੇ ਰੰਗ ਦੀ ਫਾਰਚੂਨਰ ਗੱਡੀ ਨੰਬਰ HR-02-AE-5657 ਵਿੱਚ ਸਵਾਰ ਹੋ ਕੇ ਅਫੀਮ ਦੀ ਸਪਲਾਈ ਜਗਰਾਂਉ ਸ਼ਹਿਰ ਵੱਲ ਦੇਣ ਲਈ ਆ ਰਿਹਾ ਹੈ। ਜਿਸਤੇ ਏ.ਐਸ.ਆਈ. ਬਲਵਿੰਦਰ ਸਿੰਘ ਨੇ ਮੁਕੱਦਮਾ ਨੰਬਰ 50 ਮਿਤੀ 26.04.2022 ਅ/ਧ 18,25/61/85 ਐਨ ਡੀ ਪੀ ਐਸ ਐਕਟ ਥਾਣਾ ਸਦਰ ਜਗਰਾਂਉ ਦਰਜ ਕਰਵਾਇਆ। ਜਾਬਤੇ ਅਨੁਸਾਰ ਮੁਕੱਦਮਾ ਦੀ ਤਫਤੀਸ਼ ਦੌਰਾਨ ਏ.ਐਸ.ਆਈ. ਸਈਅਦ ਸ਼ਕੀਲ ਸੀ.ਆਈ.ਏ ਸਟਾਫ ਜਗਰਾਂਉ ਨੇ ਸਮੇਤ ਪੁਲੀਸ ਪਾਰਟੀ ਦੇ ਮੁਕੱਦਮਾ ਦੇ ਦੋਸ਼ੀ ਪੰਕਜ ਉਕਤ ਨੂੰ ਨਾਕਾਬੰਦੀ ਦੌਰਾਨ ਸਮੇਤ ਕਾਰ ਫਾਰਚੂਨਰ ਦੇ ਕਾਬੂ ਕਰਕੇ ਉਸ ਦੇ ਕਬਜ਼ਾ ਵਿੱਚੋਂ 01 ਕਿੱਲੋ ਗ੍ਰਾਮ ਅਫੀਮ ਅਤੇ ਪੁਛਗਿੱਛ ਦੌਰਾਨ ਉਸਦੀ ਨਿਸ਼ਾਨਦੇਹੀ ਤੇ ਉਸ ਦੇ ਘਰ ਤੋਂ 250 ਗ੍ਰਾਮ ਅਫੀਮ ਅਤੇ 32000/- ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਪੁਛਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਦੋਸ਼ੀ ਪੰਕਜ ਕਾਫੀ ਲੰਬੇ ਸਮੇਂ ਤੋਂ ਅਫੀਮ ਵੇਚਣ ਦਾ ਕੰਮ ਕਰ ਰਿਹਾ ਸੀ। ਜਿਸਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲੀਸ ਰਿਮਾਂਡ ਹਾਸਿਲ ਕਰਕੇ ਅੱਗੇ ਤਫਤੀਸ਼ ਕੀਤੀ ਜਾਵੇਗੀ।

ਇਸੇ ਲੜੀ ਤਹਿਤ ਏ.ਐਸ.ਆਈ. ਰਣਧੀਰ ਸਿੰਘ ਸੀ.ਆਈ.ਆਈ. ਸਟਾਫ ਜਗਰਾਂਉ ਨੂੰ ਮੁਖਬਰ ਖਾਸ ਪਾਸੋਂ ਇਤਲਾਹ ਮਿਲੀ ਕਿ ਲਵਪ੍ਰੀਤ ਸਿੰਘ ਉਰਫ ਲਵਦੀਪ ਪੁੱਤਰ ਪਾਲ ਸਿੰਘ ਵਾਸੀ ਸ਼ੇਰਪੁਰ ਕਲਾਂ, ਜਿਲਾ ਲੁਧਿਆਣਾ ਅਤੇ ਕਿਰਨਦੀਪ ਕੌਰ ਉਰਫ ਕਿਰਨਾ ਪੁੱਤਰੀ ਭਜਨ ਸਿੰਘ ਵਾਸੀ ਨੇੜੇ ਨਵੀ ਗਊਸ਼ਾਲਾ, ਡਿਸਪੋਜਲ ਰੋਡ, ਅਗਵਾੜ ਖਵਾਜਾ ਬਾਜੂ, ਜਗਰਾਂਉ ਦੋਨੋ ਜਾਣੇ ਕਾਰ ਮਾਰਕਾ ਸਵਿਫਟ ਡੀਜਾਇਰ ਨੰਬਰੀ DL-05-CH-4587 ਰੰਗ ਚਿੱਟਾ ਵਿੱਚ ਸਵਾਰ ਹੋ ਕੇ ਹੈਰੋਇਨ ਲੈ ਕੇ ਮੋਗਾ ਸਾਈਡ ਤੋਂ ਪਿੰਡ ਸ਼ੇਰਪੁਰ ਕਲਾਂ ਨੂੰ ਆ ਰਹੇ ਹਨ। ਜਿਸਤੇ ਏ.ਐਸ.ਆਈ. ਰਣਧੀਰ ਸਿੰਘ ਨੇ ਰੁੱਕਾ ਲਿਖਕੇ ਮੁਕੱਦਮਾ ਨੰਬਰ 51 ਮਿਤੀ 26.04.2022 ਅ/ਧ 21,25/61/85 ਐਨ ਡੀ ਪੀ ਐਸ ਐਕਟ ਥਾਣਾ ਸਦਰ ਜਗਰਾਂਉ ਦਰਜ ਕਰਵਾਇਆ। ਮੁਕੱਦਮਾ ਦੀ ਤਫਤੀਸ਼ ਦੌਰਾਨ ਇੰਸ. ਦਲਬੀਰ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਜਗਰਾਂਉ ਨੇ ਸਮੇਤ ਪੁਲੀਸ ਪਾਰਟੀ ਦੇ ਲਵਪ੍ਰੀਤ ਸਿੰਘ ਉਰਫ ਲਵਦੀਪ ਅਤੇ ਕਿਰਨਦੀਪ ਕੌਰ ਉਰਫ ਕਿਰਨਾ ਉਕਤਾਨ ਨੂੰ ਨਾਕਾਬੰਦੀ ਕਰਕੇ ਸਮੇਤ ਕਾਰ ਦੇ ਕਾਬੂ ਕਰਕੇ ਇਹਨਾ ਪਾਸੋਂ 50 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਛਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਦੋਸ਼ੀ ਲਵਪ੍ਰੀਤ ਸਿੰਘ ਉਰਫ ਲਵਦੀਪ ਉਕਤ ਤੇ ਹੈਰੋਇਨ ਵੇਚਣ ਦਾ ਪਹਿਲਾ ਵੀ ਇੱਕ ਮੁਕੱਦਮਾ ਨੰਬਰ 282 ਮਿਤੀ 26.07.2017 ਜੁਰਮ 21,22/61/85 NDPS Act ਅਤੇ 61.01.14 ਆਬਾਕਰੀ ਐਕਟ ਥਾਣਾ ਸਿਟੀ ਜਗਰਾਂਉ ਵਿਖੇ ਦਰਜ ਸੀ। ਦੋਸ਼ੀਆਨ ਉਕਤਾਨ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲੀਸ ਰਿਮਾਂਡ ਹਾਸਿਲ ਕਰਕੇ ਅੱਗੇ ਤਫਤੀਸ਼ ਕੀਤੀ ਜਾਵੇਗੀ।

1. ਮੁਕੱਦਮਾ ਨੰਬਰ 50 ਮਿਤੀ 26.04.2022 ਅ/ਧ 18,25/61/85 ਐਨ ਡੀ ਪੀ ਐਸ ਐਕਟ ਥਾਣਾ ਸਦਰ ਜਗਰਾਂਉ

ਦੋਸ਼ੀ ਦਾ ਨਾਮ:- ਪੰਕਜ ਪੁੱਤਰ ਪਰਦੀਪ ਕੁਮਾਰ ਵਾਸੀ ਮਕਾਨ ਨੰਬਰ 826, ਵਾਰਡ ਨੰਬਰ 04,ਸਿਵਲ ਲਾਈਨ ਮੋਗਾ, ਥਾਣਾ ਸਿਟੀ ਮੋਗਾ।

ਬ੍ਰਾਮਦਗੀ:-
1. 01 ਕਿੱਲੋ 250 ਗ੍ਰਾਮ ਅਫੀਮ
2. 32000/- ਰੁਪਏ ਡਰੱਗ ਮਨੀ
3. ਫਾਰਚੂਨਰ ਗੱਡੀ ਨੰਬਰ HR-02-AE-5657

2. ਮੁਕੱਦਮਾ ਨੰਬਰ 51 ਮਿਤੀ 26.04.2022 ਅ/ਧ 21,25/61/85 ਐਨ ਡੀ ਪੀ ਐਸ ਐਕਟ ਥਾਣਾ ਸਦਰ ਜਗਰਾਂਉ

ਦੋਸ਼ੀਅਨ ਦਾ ਨਾਮ:-
1. ਲਵਪ੍ਰੀਤ ਸਿੰਘ ਉਰਫ ਲਵਦੀਪ ਸਿੰਘ ਪੁੱਤਰ ਪਾਲ ਸਿੰਘ ਵਾਸੀ ਸ਼ੇਰਪੁਰ ਕਲਾਂ, ਜਿਲਾ ਲੁਧਿਆਣਾ
2. ਕਿਰਨਦੀਪ ਕੌਰ ਉਰਫ ਕਿਰਨਾ ਪੁੱਤਰੀ ਭਜਨ ਸਿੰਘ ਵਾਸੀ ਨੇੜੇ ਨਵੀ ਗਊਸ਼ਾਲਾ, ਡਿਸਪੋਜਲ ਰੋਡ, ਅਗਵਾੜ ਖਵਾਜਾ ਬਾਜੂ, ਜਗਰਾਂਉ

ਬ੍ਰਾਮਦਗੀ:-
1. 50 ਗ੍ਰਾਮ ਹੈਰੋਇਨ
2. ਕਾਰ ਮਾਰਕਾ ਸਵਿਫਟ ਡੀਜਾਇਰ ਨੰਬਰੀ DL-05-CH-4587